Exam. Code : 107201
Subject Code : 1776

## Bachelor of Computer Application (BCA) 1st Semester

## PUNJABI COMPULSORY

## Paper–VI (i)

Time Allowed—3 Hours] [Maximum Marks—50

**ਨੋਟ:—** ਹਰੇਕ ਸੈਕਸ਼ਨ ਵਿੱਚੋਂ ਘੱਟੋ-ਘੱਟ **ਇਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਸੈਕਸ਼ਨ-ਏ

1. 'ਕੇਲੋਂ ਦੇ ਗਲ ਲੱਗੀ ਵੇਲ' ਕਵਿਤਾ ਦਾ ਸਾਰ ਲਿਖੋ।
2. ਹੇਠ ਲਿਖੀਆਂ ਕਾਵਿ-ਪੰਕਤੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ
ਧਰਤੀ ਤਾਂ ਬੋਝ ਹੈ
ਦੁਖ ਹੈ ਕੋੜ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ।



### ਸੈਕਸ਼ਨ-ਬੀ

3. 'ਹਵਾ ਵਿਚ ਗਰਜ' ਨਿਬੰਧ ਦਾ ਸਾਰ ਲਿਖੋ।
4. 'ਨਾਭਾ ਮੋਰਚਾ' ਨਿਬੰਧ ਦੀ ਲਿਖਣ-ਸ਼ੈਲੀ ਉੱਪਰ ਨੋਟ ਲਿਖੋ।

### ਸੈਕਸ਼ਨ-ਸੀ

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉਪਰ ਪੈਰ੍ਹਾ ਰਚਨਾ ਕਰੋ :

(ੳ) ਗੁਰੂ ਨਾਨਕ ਦੇਵ ਜੀ

(ਅ) ਦੀਵਾਲੀ

(ੲ) ਮੋਬਾਇਲ ਫੋਨ।

6. ਹੇਠ ਲਿਖਿਆ ਪੈਰ੍ਹਾ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਸਭ ਤੋਂ ਪਹਿਲੀ ਗੱਲ ਜੋ ਨਵੇਂ ਜ਼ਮਾਨੇ ਦੀ ਦਿਸਦੀ ਹੈ, ਉਹ ਇਹ ਹੈ ਕਿ ਸੰਸਾਰ ਜੋ ਵੱਡਾ ਸਾਰਾ ਦਿਸਦਾ ਸੀ, ਹੁਣ ਨਿੱਕਾ ਜਿਹਾ **ਭਾਸਣ** ਲੱਗਾ ਹੈ। ਦੇਸ਼ ਅਤੇ ਕਾਲ ਦੀ **ਵਿੱਥ** ਬਹੁਤ ਘੱਟ ਗਈ ਹੈ। ਮਨੁੱਖਾਂ ਦੇ ਮੇਲ-ਜੋਲ ਦੇ **ਵਸੀਲੇ** ਵੱਧ ਤੋਂ ਵੱਧ ਸੁਖੈਨ ਤੇ ਤੇਜ਼ ਹੋ ਰਹੇ ਹਨ, ਰੇਲਾਂ, ਮੋਟਰਾਂ ਤੇ ਹਵਾਈ ਜਹਾਜ਼ਾਂ ਨੇ ਦੇਸ਼ਾਂ ਤੇ ਮਨੁੱਖਾਂ ਦੇ ਵਿਚਕਾਰਲੀ ਵਿਥ ਬਹੁਤ ਘਟਾ ਦਿੱਤੀ ਹੈ। ਤਾਰ ਤੇ ਬੇਤਾਰ ਬਾਰੀਕੀ ਨੇ ਸਮੇਂ ਦੀ ਵਿੱਥ ਦਾ ਲਗਭਗ ਅਭਾਵ ਹੀ ਕਰ ਦਿੱਤਾ ਹੈ। ਇਸ ਮੇਲ-ਜੋਲ ਦੇ ਵੱਧ ਜਾਣ ਕਾਰਨ ਕੌਮਾਂ ਦੀ ਆਪੋ ਵਿਚ ਦੀ ਵਾਕਫ਼ੀ ਤੇ ਸਾਂਝ ਬਹੁਤ ਵੱਧ ਗਈ ਹੈ। ਸਾਹਿਤ, ਬੋਲੀ ਅਤੇ ਖਿਆਲਾਂ ਦਾ ਵਟਾਂਦਰਾਂ ਮਨੁੱਖਾਂ ਦੀ ਸਮਝ, ਜਜ਼ਬੇ ਤੇ ਸਦਾਚਾਰ ਨੂੰ ਇੱਕੋ ਜਿਹਾ ਬਣਾ ਰਿਹਾ ਹੈ, ਇੱਥੋਂ ਤੱਕ ਕੀ ਖਾਣ-ਪੀਣ ਤੇ ਪਹਿਨਣ ਢੰਗ ਵੀ ਇਕਮਈ ਹੋ ਰਿਹਾ ਹੈ। ਮਨੁੱਖ ਜਾਤੀ ਇੱਕ ਸਮਾਨ ਹੋ ਰਹੀ ਹੈ। ਹੁਣ ਲੋਕਾਂ ਨੂੰ ਭੂਗੋਲਿਕ ਅਤੇ ਨਸਲੀ ਵੰਡਾਂ ਬਹੁਤ ਚਿਰ ਅੱਡ ਨਹੀਂ ਰੱਖ ਸਕਣਗੀਆਂ ਅਤੇ ਨਾ ਹਕੂਮਤਾਂ ਦੇ ਅੱਡ-ਅੱਡ ਪ੍ਰਬੰਧ ਲੋਕਾਂ ਦੇ ਦਿਲਾਂ ਨੂੰ ਇੱਕ ਦੂਜੇ



downloaded from StudentSuvidha.com
Download all NOTES and PAPERS at StudentSuvidha.com

ਤੋਂ ਪਾੜ ਕੇ ਰੱਖ ਸਕਣਗੇ, ਕਿਉਂਕਿ ਰਹਿਣੀ-ਬਹਿਣੀ, ਸਦਾਚਾਰ, ਵਿਦਿਆ ਵਿਹਾਰ ਅਤੇ ਮਾਨਸਿਕ ਤੇ ਆਤਮਲਿਕ ਲੋੜਾਂ ਨੇ ਭੂਗੋਲਿਕ ਤੇ ਰਾਜਨੀਤਿਕ ਹੱਦ ਬੰਨੇ ਟੱਪ ਕੇ ਲੋਕਾਂ ਦੇ ਅੰਦਰਲੇ ਜੀਵਨ ਨੂੰ ਸਾਂਝਾ ਬਣਾ ਦਿੱਤਾ ਹੈ। ਹੁਣ ਮਾਨਸ ਕਿ ਜਾਤ ਸਭੈ ਏਕੋ ਪਹਿਚਾਨਬੋ ਵਾਲਾ ਹੁਕਮ ਪੂਰਾ ਹੋ ਰਿਹਾ ਹੈ।

(ੳ) ਨਵੇਂ ਜ਼ਮਾਨੇ ਦੀ ਪਹਿਲੀ ਗੱਲ ਕਿਹੜੀ ਹੈ ?

(ਅ) ਮੇਲ ਜੋਲ ਨਾਲ ਕਾਹਦਾ ਵਾਧਾ ਹੋਇਆ ਹੈ ?

(ੲ) ਮੇਲ ਜੋਲ ਦੀ ਵਿੱਥ ਨੂੰ ਕਿਸਨੇ ਘਟਾਇਆ ਹੈ ?

(ਸ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ਹ) ਮੋਟੇ ਸ਼ਬਦਾਂ ਦੇ ਅਰਥ ਲਿਖੋ।

**ਸੈਕਸ਼ਨ-ਡੀ**

7. ਪੰਜਾਬੀ ਧੁਨੀ ਵਿਉਂਤ ਦੇ ਅੰਤਰਗਤ 'ਉਚਾਰਨ ਅੰਗਾਂ' ਉੱਪਰ ਨੋਟ ਲਿਖੋ।

8. ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਪਛਾਣ ਚਿੰਨ੍ਹ ਲਿਖੋ।

StudentSuvidha.com
downloaded from



Download all NOTES and PAPERS at StudentSuvidha.com